27 Nov FGS 5,6,7,8.qxd 11/28/2025 12:08 AM Page 1

ਵਿਸ਼ਵ ਯੂਨੀਵਰਸਿਟੀ 'ਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਸਿੱਖਿਆਵਾਂ 'ਤੇ ਅੰਤਰਰਾਸ਼ਟਰੀ ਸਿੰਪੋਜ਼ੀਅਮ

ਫ਼ਤਹਿਗੜ੍ਹ ਸਾਹਿਬ, 27 ਨਵੰਬਰ (ਬਲਜਿੰਦਰ ਸਿੰਘ)-ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੇ ਸੋਸ਼ੀਓਲੋਜੀ ਵਿਭਾਗ ਵਲੋਂ 'ਮਾਨਵਤਾ ਦੀ ਸਦੀਵੀ ਰੌਸ਼ਨੀ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਸਿੱਖਿਆਵਾਂ 'ਤੇ ਸਮਾਜ ਸ਼ਾਸਤਰੀ ਪ੍ਰਤੀਬਿੰਬ ਵਿਸ਼ੇ 'ਤੇ ਅੰਤਰਰਾਸ਼ਟਰੀ ਸਿੰਪੋਜ਼ੀਅਮ ਕਰਵਾਇਆ ਗਿਆ। ਇਸ ਸਮਾਗਮ ਵਿਚ ਦੇਸ਼-ਵਿਦੇਸ਼ ਤੋਂ ਕਈ ਪ੍ਰਸਿੱਧ ਅਕਾਦਮਿਕ, ਸੱਭਿਆਚਾਰਕ ਵਿਚਾਰਕ ਅਤੇ ਖੋਜ-ਕਰਤਾ ਸ਼ਾਮਿਲ ਹੋਏ। ਸਾਰੇ ਵਿਦਵਾਨਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ, ਮਨੁੱਖਤਾ ਲਈ ਉਨ੍ਹਾਂ ਦੇ ਸਰਬ-ਵਿਆਪੀ ਸੰਦੇਸ਼ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਸਮਕਾਲੀ ਮਹੱਤਤਾ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਸਮਾਗਮ ਦੀ ਸ਼ੁਰੂਆਤ ਕਨਵੀਨਰ ਡਾ. ਨਵਸ਼ਗਨਦੀਪ ਕੌਰ ਦੁਆਰਾ ਮਹਿਮਾਨਾਂ, ਖੋਜ-ਕਰਤਾ ਤੇ ਵਿਦਿਆਰਥੀਆਂ ਦੇ ਨਿੱਘੇ ਸਵਾਗਤ ਨਾਲ ਹੋਈ। ਉਪਰੰਤ ਉਪ ਕੁਲਪਤੀ ਪ੍ਰੋ. (ਡਾ.) ਪਰਿਤਪਾਲ ਸਿੰਘ ਦੁਆਰਾ ਪ੍ਰਧਾਨਗੀ ਭਾਸ਼ਣ ਦਿੱਤਾ ਗਿਆ, ਜਿਨ੍ਹਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬੇਮਿਸਾਲ ਹਿੰਮਤ, ਨਿਆਂ ਪ੍ਰਤੀ ਦ੍ਰਿੜ੍ਹ ਵਚਨਬੱਧਤਾ ਅਤੇ ਧਾਰਮਿਕ ਆਜ਼ਾਦੀ ਲਈ ਉਨ੍ਹਾਂ ਦੇ ਇਤਿਹਾਸਕ ਸਮਰਥਨ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਜੀ ਦਾ ਜੀਵਨ ਮਨੁੱਖਤਾ, ਸਮਾਨਤਾ ਦਾ ਸਦੀਵੀਂ ਚਾਨਣ ਮੁਨਾਰਾ ਹੈ। ਡਾ. ਸੁਖਵਿੰਦਰ ਸਿੰਘ ਬਿਲਿੰਗ ਡੀਨ ਅਕਾਦਮਿਕ ਮਾਮਲੇ ਨੇ ਆਪਣੇ ਭਾਸ਼ਣ ਵਿਚ ਸਮਕਾਲੀ ਸੰਸਾਰ ਦੇ ਸਮਾਜਿਕ ਤੇ ਨੈਤਿਕ ਸੰਕਟਾਂ ਨੂੰ ਹੱਲ ਕਰਨ ਵਿਚ ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ ਦੀ ਸਾਰਥਿਕਤਾ 'ਤੇ ਪ੍ਰਤੀਬਿੰਬਤ ਕੀਤਾ। ਡਾ. ਤੇਜਬੀਰ ਸਿੰਘ ਨੇ ਗੁਰੂ ਸਾਹਿਬ ਜੀ ਦੀ ਦਾਰਸ਼ਨਿਕ ਡੂੰਘਾਈ, ਅੰਤਰ-ਧਰਮ ਸਦਭਾਵਨਾ ਤੇ ਮਨੁੱਖੀ ਮਾਣ-ਸਨਮਾਨ ਦੀ ਰੱਖਿਆ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਮੁੱਖ ਭਾਸ਼ਣ ਕੈਲੇਫੋਰਨੀਆ ਯੂਨੀਵਰਸਿਟੀ ਤੋਂ ਪ੍ਰਸਿੱਧ ਵਿਦਵਾਨ ਪ੍ਰੋ. ਗੁਰਿੰਦਰ ਸਿੰਘ ਮਾਨ ਨੇ ਦਿੱਤਾ। ਉਨ੍ਹਾਂ ਨੇ ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ ਦੇ ਇਤਿਹਾਸਕ ਸੰਦਰਭ, ਅਧਿਆਤਮਿਕ ਡੂੰਘਾਈ, ਦਾਰਸ਼ਨਿਕ ਦ੍ਰਿਸ਼ਟੀਕੋਣ ਅਤੇ ਵਿਸ਼ਵ-ਵਿਆਪੀ ਸਾਰਥਿਕਤਾ 'ਤੇ ਵਿਦਵਤਾਪੂਰਨ ਚਾਨਣਾ ਪਾਇਆ। ਇਸ ਤੋਂ ਇਲਾਵਾ ਉੱਘੇ ਪਾਕਿਸਤਾਨੀ ਲੇਖਕ ਤੇ ਸੱਭਿਆਚਾਰਕ ਇਤਿਹਾਸਕਾਰ ਇਕਬਾਲ ਕਾਇਸਰ ਨੇ ਗੁਰੂ ਸਾਹਿਬ ਜੀ ਦੀ ਸਰਹੱਦ ਪਾਰ ਸਿੱਖ ਵਿਰਾਸਤ, ਅਧਿਆਤਮਿਕ ਸਰਵਵਿਆਪੀਤਾ ਤੇ ਸਾਂਝੀ ਮਨੁੱਖਤਾ ਦੇ ਸੰਦੇਸ਼ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਲਾਹੌਰ ਯੂਨੀਵਰਸਿਟੀ ਸਰਕਾਰੀ ਕਾਲਜ ਤੋਂ ਪ੍ਰੋ. ਕਲਿਆਣ ਸਿੰਘ ਨੇ ਵੀ ਗੁਰੂ ਜੀ ਦੇ ਜੀਵਨ ਦੇ ਸਮਾਜਿਕ ਤੇ ਸੱਭਿਆਚਾਰਕ ਪਹਿਲੂਆਂ 'ਤੇ ਚਰਚਾ ਕੀਤੀ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਵਿਸ਼ਵ-ਵਿਆਪੀ ਮਹੱਤਤਾ 'ਤੇ ਜ਼ੋਰ ਦਿੱਤਾ। ਇਸ ਮੌਕੇ ਪ੍ਰੋ. ਹਰਵਿੰਦਰ ਸਿੰਘ ਭੱਟੀ ਸਮੇਤ ਕਈ ਹੋਰ ਵਿਦਵਾਨਾਂ ਨੇ ਆਪਣੇ ਕੀਮਤੀ ਵਿਚਾਰ ਸਾਂਝੇ ਕੀਤੇ। ਸਟੇਜ ਦੀ ਕਾਰਵਾਈ ਸਹਾਇਕ ਪ੍ਰੋਫੈਸਰ ਏਕਰੂਪ ਕੌਰ ਨੇ ਚਲਾਈ। ਫੈਕਲਟੀ ਮੈਂਬਰ ਡਾ. ਹਰਮਨਪ੍ਰੀਤ ਕੌਰ ਤੇ ਲਵਪ੍ਰੀਤ ਸਿੰਘ ਨੇ ਵੀ ਸਮਾਗਮ ਦੌਰਾਨ ਮਹੱਤਵਪੂਰਨ ਅਕਾਦਮਿਕ ਜ਼ਿੰਮੇਵਾਰੀਆਂ ਨਿਭਾਈਆਂ। ਅਖੀਰ ਵਿਚ ਪਰਮਦੀਪ ਸਿੰਘ ਦੁਆਰਾ ਧੰਨਵਾਦ ਦਾ ਮਤਾ ਪੇਸ਼ ਕੀਤਾ ਗਿਆ, ਜਿਨ੍ਹਾਂ ਨੇ ਸਿੰਪੋਜ਼ੀਅਮ ਦੀ ਸਫਲਤਾ ਵਿਚ ਯੋਗਦਾਨ ਪਾਉਣ ਲਈ ਸਾਰੇ ਪਤਵੰਤਿਆਂ, ਵਿਦਵਾਨਾਂ, ਫੈਕਲਟੀ ਮੈਂਬਰਾਂ ਤੇ ਵਲੰਟੀਅਰਾਂ ਦਾ ਧੰਨਵਾਦ ਕੀਤਾ।

ਵਿਸ਼ਵ ਯੂਨੀਵਰਸਿਟੀ 'ਚ 'ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਸਿੱਖਿਆਵਾਂ 'ਤੇ ਅਯੋਜਿਤ ਅੰਤਰਰਾਸ਼ਟਰੀ ਸਿੰਪੋਜ਼ੀਅਮ ਦੌਰਾਨ ਮੰਚ 'ਤੇ ਬੈਠੇ ਯੂਨੀਵਰਸਿਟੀ ਦੇ ਅਧਿਕਾਰੀ ਅਤੇ ਖੋਜ-ਕਰਤਾ। ਅਜੀਤ ਤਸਵੀਰ

ਜ਼ਿਲ੍ਹਾ ਮੈਜਿਸਟਰੇਟ ਵਲੋਂ ਬਿਨਾਂ ਲਾਇਸੈਂਸ ਪ੍ਰੀਗਾਬਾਲਿਨ ਸਾਲਟ ਦੇ ਕੈਪਸੂਲ ਤੇ ਗੋਲੀਆਂ ਰੱਖਣ 'ਤੇ ਪਾਬੰਦੀ

ਜ਼ਿਲ੍ਹਾ ਮੈਜਿਸਟਰੇਟ ਡਾ. ਸੋਨਾ ਥਿੰਦ

ਫ਼ਤਹਿਗੜ੍ਹ ਸਾਹਿਬ, 27 ਨਵੰਬਰ (ਬਲਜਿੰਦਰ ਸਿੰਘ)-ਜ਼ਿਲ੍ਹਾ ਮੈਜਿਸਟਰੇਟ ਡਾ. ਸੋਨਾ ਥਿੰਦ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਬੀ.ਐੱਨ.ਐੱਸ.ਐੱਸ.) 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੀ ਹਦੂਦ ਅੰਦਰ ਪ੍ਰੀਗਾਬਾਲਿਨ ਸਾਲਟ ਦੇ ਕੈਪਸੂਲ ਤੇ ਗੋਲੀਆਂ ਨੂੰ ਬਿਨਾਂ ਲਾਇਸੰਸ ਤੇ ਮਨਜ਼ੂਰਸ਼ੁਦਾ ਮਾਤਰਾ ਤੋਂ ਵੱਧ ਮਾਤਰਾ ਵਿਚ ਰੱਖਣ 'ਤੇ ਪਾਬੰਦੀ ਲਗਾਈ ਹੈ। ਜ਼ਿਲ੍ਹਾ ਮੈਜਿਸਟਰੇਟ ਵਲੋਂ ਪ੍ਰੀਗਾਬਾਲਿਨ ਸਾਲਟ ਦੇ ਵੇਚੇ ਗਏ ਕੈਪਸੂਲ ਤੇ ਗੋਲੀਆਂ ਦੇ ਬਿੱਲ ਆਦਿ ਦਾ ਰਿਕਾਰਡ ਮੇਨਟੇਨ ਕਰਨ ਅਤੇ ਸਿਰਫ਼ ਡਾਕਟਰ ਦੀ ਤਜਵੀਜ਼ ਸਲਿਪ ਰਾਹੀਂ ਹੀ ਵੇਚਣ ਦੇ ਆਦੇਸ਼ ਵੀ ਦਿੱਤੇ ਗਏ ਹਨ। ਇਹ ਹੁਕਮ 26 ਜਨਵਰੀ, 2026 ਤੱਕ ਲਾਗੂ ਰਹਿਣਗੇ।

ਪਿੰਡ ਹਰਲਾਲਪੁਰ ਵਿਖੇ ਮਿਲੇ ਭਰੂਣ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸ. ਐੱਚ. ਓ. ਇੰਦਰਜੀਤ ਸਿੰਘ ਤੇ ਹੱਡਾਰੋੜੀ 'ਤੇ ਸੁੱਟੇ ਨਵਜੰਮੇ ਬੱਚੇ ਦਾ ਭਰੂਣ। ਅਜੀਤ ਤਸਵੀਰ

ਪਿੰਡ ਹਰਲਾਲਪੁਰ ਦੀ ਹੱਡਾਰੋੜੀ ਤੋਂ ਨਵਜੰਮੇ ਬੱਚੇ ਦਾ ਭਰੂਣ ਮਿਲਿਆ

ਪੁਲਿਸ ਨੇ ਭਰੂਣ ਨੂੰ ਕਬਜ਼ੇ 'ਚ ਲੈ ਕੇ ਮਾਮਲੇ ਦੀ ਜਾਂਚ ਅਰੰਭੀ

ਫ਼ਤਹਿਗੜ੍ਹ ਸਾਹਿਬ, 27 ਨਵੰਬਰ (ਬਲਜਿੰਦਰ ਸਿੰਘ)-ਥਾਣਾ ਫ਼ਤਹਿਗੜ੍ਹ ਸਾਹਿਬ ਅਧੀਨ ਪੈਂਦੇ ਪਿੰਡ ਹਰਲਾਲਪੁਰ ਦੀ ਹੱਡਾਰੋੜੀ ਤੋਂ ਇਕ ਨਵਜੰਮੇ ਬੱਚੇ ਦਾ ਭਰੂਣ ਮਿਲਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ, ਜਿਸ ਸੰਬੰਧੀ ਫ਼ਤਹਿਗੜ੍ਹ ਸਾਹਿਬ ਪੁਲਿਸ ਨੇ ਸੂਚਨਾ ਮਿਲਣ ਮਗਰੋਂ ਭਰੂਣ ਨੂੰ ਕਬਜ਼ੇ ਵਿਚ ਲੈ ਕੇ ਮਾਮਲੇ ਦੀ ਬਾਰੀਕੀ ਨਾਲ ਪੜਤਾਲ ਆਰੰਭ ਕਰ ਦਿੱਤੀ ਹੈ। ਗ੍ਰਾਮ ਪੰਚਾਇਤ ਹਰਲਾਲਪੁਰ ਦੀ ਸਰਪੰਚ ਹਰਜਿੰਦਰ ਕੌਰ ਚੀਮਾ ਦੇ ਪਤੀ ਰਣਜੀਤ ਸਿੰਘ ਰਵੀ ਚੀਮਾ ਨੇ ਪੁਲਿਸ ਨੂੰ ਦਿੱਤੇ ਬਿਆਨ 'ਚ ਦੱਸਿਆ ਕਿ ਉਨ੍ਹਾਂ ਨੂੰ ਪਿੰਡ ਦੇ ਵਿਅਕਤੀਆਂ ਰਾਹੀਂ ਇਤਲਾਹ ਮਿਲੀ ਕਿ ਪਿੰਡ ਦੀ ਹੱਡਾ ਰੋੜੀ ਵਿਚ ਇਕ ਨਵਜੰਮੇ ਬੱਚੇ ਦਾ ਭਰੂਣ ਪਿਆ ਹੈ, ਜਿਸ ਦੇ ਆਲੇ ਦੁਆਲੇ ਆਵਾਰਾ ਕੁੱਤੇ ਫਿਰਦੇ ਹਨ, ਜਿਸ ਸਬੰਧੀ ਉਨ੍ਹਾਂ ਪੁਲਿਸ ਨੂੰ ਸੂਚਨਾ ਦਿੱਤੀ ਅਤੇ ਮੌਕੇ 'ਤੇ ਪਹੁੰਚੇ ਸਹਾਇਕ ਥਾਣੇਦਾਰ ਕੁਲਵਿੰਦਰ ਸਿੰਘ ਨੇ ਆਪਣੀ ਪੁਲਿਸ ਪਾਰਟੀ ਸਮੇਤ ਘਟਨਾ ਦਾ ਜਾਇਜ਼ਾ ਲਿਆ ਅਤੇ ਬੱਚੇ ਦੇ ਭਰੂਣ ਨੂੰ ਕਬਜ਼ੇ ਵਿਚ ਲੈ ਕੇ ਸਿਵਲ ਹਸਪਤਾਲ ਵਿਚ ਰਖਵਾ ਦਿੱਤਾ।

ਇਸ ਸਬੰਧੀ ਥਾਣਾ ਫ਼ਤਹਿਗੜ੍ਹ ਸਾਹਿਬ ਦੇ ਐੱਸ.ਐੱਚ.ਓ. ਇੰਦਰਜੀਤ ਸਿੰਘ ਨੇ ਦੱਸਿਆ ਕਿ ਪਿੰਡ ਦੀ ਮੌਜੂਦਾ ਸਰਪੰਚ ਹਰਜਿੰਦਰ ਕੌਰ ਦੇ ਪਤੀ ਰਣਜੀਤ ਸਿੰਘ ਚੀਮਾ ਦੇ ਬਿਆਨਾਂ ਤਹਿਤ ਨਾਮਾਲੂਮ ਮਾਤਾ, ਪਿਤਾ ਖ਼ਿਲਾਫ਼ ਮਾਮਲਾ ਦਰਜ ਕੀਤਾ ਜਾ ਰਿਹਾ ਹੈ ਅਤੇ ਮਾਮਲੇ ਦੀ ਬਰੀਕੀ ਨਾਲ ਪੜਤਾਲ ਕੀਤੀ ਜਾ ਰਹੀ ਹੈ ਕਿ ਇਹ ਭਰੂਣ ਕਿਸ ਨੇ ਸੁੱਟਿਆ ਹੈ ਅਤੇ ਡਾਕਟਰੀ ਰਿਪੋਰਟ ਆਉਣ ਉਪਰੰਤ ਸਬੰਧਿਤ ਵਿਅਕਤੀਆਂ ਨੂੰ ਮੁੱਕਦਮੇ ਵਿਚ ਨਾਮਜਦ ਕਰਕੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਭਰੂਣ ਲੜਕੇ ਦਾ ਹੈ।

ਸੇਵਾ ਕੇਂਦਰਾਂ ਦੇ ਸੁਰੱਖਿਆ ਕਰਮੀ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਹੋਏ। ਅਜੀਤ ਤਸਵੀਰ

ਪੈਸੇ ਆਏ ਨੀਂ, ਜਦੋਂ ਆਏ ਤਨਖ਼ਾਹਾਂ ਦੇ ਦੇਵਾਂਗੇ !

ਸੇਵਾ ਕੇਂਦਰ ਸੁਰੱਖਿਆ ਕਰਮੀ ਤਨਖ਼ਾਹ ਨਾ ਮਿਲਣ ਕਾਰਨ ਪ੍ਰੇਸ਼ਾਨ

ਸੰਘੋਲ, 27 ਨਵੰਬਰ (ਪਰਮਵੀਰ ਸਿੰਘ ਧਨੋਆ)-ਜ਼ਿਲ੍ਹੇ 'ਚ ਸੇਵਾ ਕੇਂਦਰਾਂ 'ਤੇ ਤਾਇਨਾਤ ਸੁਰੱਖਿਆ ਕਰਮੀ ਬੀਤੇ ਕਰੀਬ 3 ਮਹੀਨਿਆਂ ਤੋਂ ਤਨਖ਼ਾਹ ਨਾ ਮਿਲਣ ਕਾਰਨ ਪ੍ਰੇਸ਼ਾਨ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਜ਼ਿਲ੍ਹੇ 'ਚ ਵੱਖ-ਵੱਖ ਸੇਵਾ ਕੇਂਦਰਾਂ 'ਤੇ ਕਰੀਬ 7 ਸੁਰੱਖਿਆ ਕਰਮੀ ਤਾਇਨਾਤ ਹਨ। ਚਰਨਜੀਤ ਸਿੰਘ ਚੀਮਾ ਸੰਘੋਲ, ਕੁਲਦੀਪ ਸਿੰਘ, ਅਮਨ, ਸਾਗਰ ਸਿੰਘ, ਅਮਰੀਕ ਸਿੰਘ, ਬਬਲੂ ਦੱਸਿਆ ਕਿ ਉਹ ਠੇਕੇਦਾਰੀ ਸਿਸਟਮ 'ਚ ਆਪਣੀਆਂ ਸੇਵਾਵਾਂ ਸੇਵਾ ਕੇਂਦਰਾਂ 'ਤੇ ਦੇ ਰਹੇ ਹਨ। ਤਨਖ਼ਾਹ ਨਾ ਮਿਲਣ ਕਾਰਨ ਉਨ੍ਹਾਂ ਨੂੰ ਘਰ ਦੇ ਖ਼ਰਚੇ, ਬੱਚਿਆਂ ਦੀਆਂ ਸਕੂਲ ਫ਼ੀਸਾਂ ਭਰਨ ਆਦਿ ਵਰਗੇ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਾਮਲਾ ਜ਼ਿਲ੍ਹਾ ਅਧਿਕਾਰੀਆਂ ਦੇ ਧਿਆਨ 'ਚ ਲਿਆਉਣ ਮਗਰੋਂ ਵੀ ਉਨ੍ਹਾਂ ਦੀ ਸਮੱਸਿਆ ਦਾ ਹੱਲ ਨਹੀਂ ਹੋ ਰਿਹਾ ਹੈ। ਪੁੱਛਣ 'ਤੇ ਸਬੰਧਿਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਵਲੋਂ ਪੈਸੇ ਨਹੀਂ ਆ ਰਹੇ, ਜਦੋਂ ਆਏ ਤਨਖ਼ਾਹਾਂ ਦੇ ਦੇਵਾਂਗੇ। ਸੁਰੱਖਿਆ ਕਰਮੀ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਸੂਬਾ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੀਆਂ ਤਨਖ਼ਾਹਾਂ ਜਾਰੀ ਕਰਵਾਈਆਂ ਜਾਣ।

ਹੋਮ ਗਾਰਡਜ਼ ਵੈੱਲਫੇਅਰ ਐਸੋਸੀਏਸ਼ਨ ਨੇ ਆਪਣੀਆਂ ਮੰਗਾਂ ਸਬੰਧੀ ਮੁੱਖ ਮੰਤਰੀ ਨੂੰ ਦਿੱਤਾ ਮੰਗ ਪੱਤਰ

ਫ਼ਤਹਿਗੜ੍ਹ ਸਾਹਿਬ, 27 ਨਵੰਬਰ (ਰਾਜਿੰਦਰ ਸਿੰਘ)-ਹੋਮ ਗਾਰਡਜ਼ ਵੈੱਲਫੇਅਰ ਐਸੋਸੀਏਸ਼ਨ ਪੰਜਾਬ ਵਲੋਂ ਪ੍ਰਧਾਨ ਸਲਾਮ ਦੀਨ ਪੋਲਾ ਦੀ ਅਗਵਾਈ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਕ ਮੰਗ ਪੱਤਰ ਦਿੱਤਾ ਗਿਆ। ਮੁੱਖ ਮੰਤਰੀ ਫ਼ਤਹਿਗੜ੍ਹ ਸਾਹਿਬ ਤਹਿਸੀਲ ਦਫ਼ਤਰ ਵਿਖੇ ਇਜ਼ੀ ਰਜਿਸਟਰੀ ਸਾਰੇ ਪੰਜਾਬ ਵਿਚ ਲਾਗੂ ਕਰਨ ਦਾ ਉਦਘਾਟਨ ਕਰਨ ਆਏ ਸਨ। ਪ੍ਰਧਾਨ ਪੋਲਾ ਨੇ ਦੱਸਿਆ ਕਿ ਅਸੀਂ ਪਿਛਲੇ ਕਾਫ਼ੀ ਸਮੇਂ ਤੋਂ ਹੋਮ ਗਾਰਡਜ਼ ਦੀਆਂ ਸੇਵਾਵਾਂ ਪੰਜਾਬ ਪੁਲਿਸ ਲਈ ਕਰਦੇ ਆ ਰਹੇ ਹਾਂ, ਪਰ ਸਾਡੇ ਵਿਚੋਂ ਜੋ ਹੋਮ ਗਾਰਡ ਨਾਲ ਸਬੰਧਿਤ ਮੁਲਾਜ਼ਮ ਸੇਵਾ ਮੁਕਤ ਹੋ ਚੁੱਕੇ ਹਨ, ਉਨ੍ਹਾਂ ਨੂੰ ਕਿਸੇ ਕਿਸਮ ਦੀ ਪੈਨਸ਼ਨ ਜਾਂ ਮਾਣ ਭੱਤਾ ਆਦਿਕ ਨਹੀਂ ਮਿਲ ਰਿਹਾ। ਉਨ੍ਹਾਂ ਕਿਹਾ ਕਿ ਜੋ ਹੋਮ ਗਾਰਡ ਮੁਲਾਜ਼ਮ ਸੇਵਾ ਮੁਕਤ ਹੋ ਚੁੱਕੇ ਹਨ ਤੇ ਸਰੀਰਕ ਤੌਰ 'ਤੇ ਰਿਸ਼ਟ ਪੁਸ਼ਟ ਹਨ, ਉਨ੍ਹਾਂ ਨੂੰ ਦੁਬਾਰਾ ਨੌਕਰੀ ਵਿਚ ਲੈ ਲੈਣਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਪਰਿਵਾਰਾਂ ਲਈ ਰੋਜ਼ੀ ਰੋਟੀ ਦਾ ਚੰਗਾ ਪ੍ਰਬੰਧ ਕਰ ਸਕਣ। ਉਨ੍ਹਾਂ ਆਖਿਆ ਕਿ ਸਾਡੇ ਮੁਲਾਜ਼ਮਾਂ ਨੂੰ ਵੀ ਪੰਜਾਬ ਪੁਲਿਸ ਵਰਗੀਆਂ ਸਹੂਲਤਾਂ ਜਿਵੇਂ ਕਿ ਬੱਸ ਕਿਰਾਇਆ, ਮੈਡੀਕਲ ਭੱਤਾ ਤੇ ਮਾਣ ਭੱਤਾ ਆਦਿਕ ਦਿੱਤਾ ਜਾਵੇ।

ਸਕਿਉਰਿਟੀ ਗਾਰਡ ਦੀ ਲੋੜ

ਅਦਾਰਾ 'ਅਜੀਤ' ਨੂੰ ਮੋਹਾਲੀ ਪ੍ਰੈੱਸ ਵਿਖੇ ਸਕਿਉਰਿਟੀ ਗਾਰਡਾਂ ਦੀ ਲੋੜ ਹੈ। ਯੋਗਤਾ : ਘੱਟ ਤੋਂ ਘੱਟ +2 ਪਾਸ ਹੋਵੇ। ਤਜਰਬੇਕਾਰ ਅਤੇ ਲੋਕਲ ਨੂੰ ਪਹਿਲ। ਉਮੀਦਵਾਰ ਆਪਣਾ ਬਾਇਓਡਾਟਾ ਤੇ ਤਸਵੀਰ ਸਮੇਤ ਹੇਠ ਲਿਖੇ ਪਤੇ 'ਤੇ ਪਹੁੰਚਾਉਣ।

ਜਨਰਲ ਮੈਨੇਜਰ
'ਅਜੀਤ' ਪ੍ਰਕਾਸ਼ਨ ਸਮੂਹ,
ਨਹਿਰੂ ਗਾਰਡਨ ਰੋਡ, ਜਲੰਧਰ।
Email: ajit@ajitjalandhar.com
Mob. 94172-20400

ਪਛਾਣ ਲਈ ਅਪੀਲ



ਆਮ ਜਨਤਾ ਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਇਕ ਅਣਪਛਾਤਾ ਪੁਰਸ਼ ਉਮਰ 70 ਸਾਲ, ਕੱਦ 5'-8" ਇੰਚ ਰੰਗ ਕਣਕਵੰਨਾ ਅਤੇ ਲਾਲ ਰੰਗ ਦਾ ਅਪਰ ਜਿਸ ਉਪਰ 'ਸੀ ਕੇ' ਲਿਖਿਆ, ਸਫੇਦ ਧਾਰੀਦਾਰ ਸ਼ਰਟ ਅਤੇ ਨੀਲੇ ਰੰਗ ਦੀ ਪੈਂਟ ਪਹਿਨੇ ਹੋਏ, ਖੱਬੇ ਪਾਸੇ ਹੱਥ 'ਤੇ ਸਰਜਰੀ ਨਿਸ਼ਾਨ ਹੈ। ਮਿਤੀ 18.11.2025 ਨੂੰ ਸੂਚਨਾ ਪ੍ਰਾਪਤ ਹੋਈ ਕਿ ਇਕ ਵਿਅਕਤੀ ਜੋ ਅਣਪਛਾਤਾ ਹੈ, ਨੂੰ ਸੀ ਆਰ ਨੰ: 251109925 ਦੁਆਰਾ ਜੀ ਐਮ ਸੀ ਐਚ-32 ਚੰਡੀਗੜ੍ਹ ਵਿਚ ਦਾਖਲ ਕਰਵਾਇਆ ਗਿਆ ਹੈ। ਇਸ ਸੰਬੰਧੀ ਇਕ ਡੀ ਡੀ ਆਰ ਨੰ: 15 ਮਿਤੀ 18.11.2025 ਧਾਰਾ 194 ਬੀ ਐਨ ਐਸ ਐਸ ਅਧੀਨ ਪੁਲਿਸ ਪੋਸਟ ਪੀ ਪੀ ਬੀ ਡੀ ਸੀ ਸੈਕਟਰ-26 ਚੰਡੀਗੜ੍ਹ ਵਿਚ ਦਰਜ ਕੀਤੀ ਗਈ ਹੈ। ਮ੍ਰਿਤਕ ਦੇ ਕਾਨੂੰਨੀ ਵਾਰਸਾਂ ਬਾਰੇ ਕੁਝ ਪਤਾ ਨਹੀਂ। ਉਸ ਦੀ ਫੋਟੋ ਉੱਪਰ ਦਿੱਤੀ ਗਈ ਹੈ।

ਮ੍ਰਿਤਕ ਦੇ ਥਹੁ-ਟਿਕਾਣੇ ਸੰਬੰਧੀ ਕਿਸੇ ਸੁਰਾਗ ਦੇ ਮਾਮਲੇ ਵਿਚ ਕ੍ਰਿਪਾ ਕਰਕੇ ਪੁਲਿਸ ਪੋਸਟ, ਬੀ ਡੀ ਸੀ ਚੰਡੀਗੜ੍ਹ ਨੂੰ ਫੋਨ ਨੰ: 0172-2750037, ਪੁਲਿਸ ਸਟੇਸ਼ਨ ਸੈਕਟਰ-26 ਨੂੰ ਫੋਨ ਨੰ: 0172-2750049, 2790594, ਐਸ ਐਚ ਓ ਪੁਲਿਸ ਸਟੇਸ਼ਨ-26, ਚੰਡੀਗੜ੍ਹ ਨੂੰ ਮੋਬਾਈਲ ਨੰ: 97795-80926 ਜਾਂ ਪੁਲਿਸ ਕੰਟਰੋਲ ਫੋਨ ਨੰ: 0172-2749194 ਜਾਂ 112 'ਤੇ ਸੂਚਿਤ ਕਰੋ।

ਚੰਡੀਗੜ੍ਹ ਪੁਲਿਸ।

श्रम एवं रोजगार मंत्रालय
भारत सरकार
MINISTRY OF LABOUR & EMPLOYMENT
GOVERNMENT OF INDIA
ਲੇਬਰ ਕੋਡ ਲਾਗੂ ਹੋਏ
ਮੋਦੀ ਸਰਕਾਰ ਦੀ ਗਾਰੰਟੀ
ਆਈ ਟੀ ਸੈਕਟਰ ਲਈ
ਫਿਕਸਡ-ਟਰਮ ਕਰਮਚਾਰੀਆਂ ਨੂੰ ਸਥਾਈ